# ਅਸ਼ਲੀਲ ਫ਼ਿਲਮਾਂ ਬਣਾ ਕੇ ਲੱਖਾਂ ਰੁਪਏ ਵਸੂਲਣ ਵਾਲੇ ਗਰੋਹ ਦਾ ਪਰਦਾਫਾਸ਼

## ਪਤੀ, ਪਤਨੀ, ਬੇਟੀ ਸਮੇਤ ਗਰੋਹ ਦੇ ਕਈ ਮੈਂਬਰ ਗ੍ਰਿਫ਼ਤਾਰ

ਫ਼ਾਜ਼ਿਲਕਾ, 4 ਜੁਲਾਈ (ਪਰਵਿੰਦਰ ਪਾਲ ਸਿੰਘ)-ਪੈਸੇ ਵਾਲੇ ਲੋਕਾਂ ਨੂੰ ਘਰ ਬੁਲਾ ਕੇ ਉਨ੍ਹਾਂ ਦੀਆਂ ਅਸ਼ਲੀਲ ਫ਼ਿਲਮਾਂ ਬਣਾ ਕੇ ਲੱਖਾਂ ਰੁਪਏ ਠੱਗਣ ਵਾਲੇ ਗਰੋਹ ਦਾ ਸੀ.ਆਈ.ਏ. ਸਟਾਫ਼ ਫ਼ਾਜ਼ਿਲਕਾ ਨੇ ਪਰਦਾਫਾਸ਼ ਕੀਤਾ ਹੈ। ਜ਼ਿਲ੍ਹਾ ਸੀ.ਆਈ.ਏ. ਸਟਾਫ਼ ਫ਼ਾਜ਼ਿਲਕਾ ਦੇ ਇੰਚਾਰਜ ਪੰਜਾਬ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਜਦੋਂ ਚੈਕਿੰਗ 'ਤੇ ਸੀ ਤਾਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਹਰਦੇਵ ਸਿੰਘ ਪੁੱਤਰ ਫ਼ੌਜਾ ਸਿੰਘ ਵਾਸੀ ਮੋਹਰ ਕਾਲੋਨੀ ਜਲਾਲਾਬਾਦ ਆਪਣੀ ਪਤਨੀ ਸਿਮਰਨ ਰਾਣੀ, ਬੇਟੀ ਨਿਸ਼ਕਮਲ ਰਾਣੀ ਨੇ ਕੁਝ ਹੋਰ ਲੋਕਾਂ ਨੂੰ ਨਾਲ ਲੈ ਕੇ ਆਪਣੇ ਘਰ ਪੈਸੇ ਵਾਲੇ ਬੰਦਿਆਂ ਨੂੰ ਬੁਲਾ ਲੈਂਦੇ ਹਨ। ਉਨ੍ਹਾਂ ਵਿਚੋਂ ਇਕ ਔਰਤ ਜਾਣ ਬੁੱਝ ਕੇ ਆਪਣੇ ਕੱਪੜੇ ਪਾੜ ਲੈਂਦੀ ਹੈ ਜਾਂ ਉਤਾਰ ਲੈਂਦੀ ਹੈ, ਫਿਰ ਮੋਬਾਈਲ ਫੋਨ ਰਾਹੀਂ ਘਰ ਬੁਲਾਏ ਵਿਅਕਤੀਆਂ ਦੀਆਂ ਫ਼ਿਲਮਾਂ ਬਣਾਈਆਂ ਜਾਂਦੀਆਂ ਹਨ ਅਤੇ ਜਬਰ ਜਨਾਹ ਦਾ ਕੇਸ ਬਣਾਉਣ ਦੇ ਡਰਾਵੇ



ਜਾਣਕਾਰੀ ਦਿੰਦੇ ਹੋਏ ਸੀ.ਆਈ.ਏ. ਸਟਾਫ਼ ਫ਼ਾਜ਼ਿਲਕਾ ਦੇ ਇੰਚਾਰਜ ਪੰਜਾਬ ਸਿੰਘ। ਤਸਵੀਰ: ਪ੍ਰਦੀਪ ਕੁਮਾਰ

ਦਿੰਦੀਆਂ ਹਨ। ਇਨ੍ਹੇ ਵਿਚ ਇਕ ਵਕੀਲ ਨੂੰ ਬੁਲਾ ਲੈਂਦੇ ਹਨ, ਜੋ ਵਿਚ ਪੈ ਕੇ ਦੋਵਾਂ ਧਿਰਾਂ ਦਾ ਰਾਜ਼ੀਨਾਮਾ ਕਰਵਾ ਕੇ ਲੱਖਾਂ ਰੁਪਏ ਵਸੂਲੇ ਜਾਂਦੇ ਹਨ। ਹੁਣ ਵੀ ਇਸ ਸਮੇਂ ਕਿਸੇ ਵਿਅਕਤੀ ਨੂੰ ਬੁਲਾਉਣ ਦੀ ਤਿਆਰੀ ਚੱਲ ਰਹੀ ਸੀ। ਉਨ੍ਹਾਂ ਦੱਸਿਆ ਕਿ ਜਦੋਂ ਪੁਲਿਸ ਪਾਰਟੀ ਨੇ ਮੌਕੇ 'ਤੇ ਜਾ ਕੇ ਛਾਪੇਮਾਰੀ ਕੀਤੀ ਤਾਂ ਉਕਤ ਵਿਅਕਤੀਆਂ ਦੇ ਘਰ ਸੁਖਵਿੰਦਰ ਕੌਰ ਉਰਫ਼ ਪਾਇਲ ਪਤਨੀ ਬੋਹੜ ਸਿੰਘ, ਰੀਤ ਰਾਣੀ ਪਤਨੀ ਬਲਵੀਰ ਸਿੰਘ ਵਾਸੀ ਲੋਹਾ ਕਾਲੋਨੀ ਜਲਾਲਾਬਾਦ, ਪਰਮਜੀਤ ਕੌਰ ਉਰਫ਼ ਪੰਮੀ ਪਤਨੀ ਹਰਭਜਨ ਲਾਲ ਉੱਥੇ ਮੌਜੂਦ ਸਨ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਕਿ ਸੁਰਿੰਦਰ ਕੁਮਾਰ ਵਕੀਲ ਗ੍ਰਿਫ਼ਤ ਤੋਂ ਬਾਹਰ ਹੈ। ਇਨ੍ਹਾਂ ਖਿਲਾਫ਼ ਥਾਣਾ ਸਿਟੀ ਜਲਾਲਾਬਾਦ ਵਿਖੇ ਧਾਰਾ 420, 384, 388, 389, 120 ਬੀ ਤਹਿਤ ਮੁਕੱਦਮਾ ਨੰਬਰ 91 ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਗਿਰੋਹ ਨੇ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਕੇ ਹੁਣ ਤੱਕ 20 ਲੱਖ ਰੁਪਏ ਤੱਕ ਦੀ ਵਸੂਲੀ ਕੀਤੀ ਹੈ। ਉਕਤ ਵਿਅਕਤੀਆਂ ਨੂੰ ਅਦਾਲਤ ਵਿਚ ਪੇਸ਼ ਕਰਕੇ ਦੋ ਦਿਨਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ।